ਵਿਸ਼ਾ : ਪੰਜਾਬੀ ਪ੍ਰਸ਼ਨ ਪੁਸਤਿਕਾ ਨੰ: 10370

ਵਿਸ਼ਾ ਕੋਡ : 101

ਪੁਸਤਿਕਾ ਲੜੀ : B

ਕੁੱਲ ਸਮਾਂ: 50 ਮਿੰਟ ਕੁੱਲ ਅੰਕ: 50

ਹਦਾਇਤਾਂ

1. ਪ੍ਰਸ਼ਨਾਂ ਦੀ ਕੁੱਲ ਸੰਖਿਆ 50 ਹੈ। ਸਾਰੇ ਪ੍ਰਸ਼ਨ ਬਹੁ ਵਿਕਲਪੀ ਪ੍ਰਸ਼ਨ ਹਨ ਜਿਨ੍ਹਾਂ ਵਿੱਚ ਹਰ ਪ੍ਰਸ਼ਨ ਇੱਕ ਅੰਕ ਦਾ ਹੈ। ਗਲਤ ਉੱਤਰ ਦੇ ਕੋਈ ਅੰਕ ਨਹੀਂ ਕੱਟੇ ਜਾਣਗੇ।
2. ਯਕੀਨੀ ਬਣਾਇਆ ਜਾਵੇ ਕਿ 5 ਅੰਕਾਂ ਦੀ ਪ੍ਰਸ਼ਨ ਪੁਸਤਿਕਾ ਨੰ, ਪ੍ਰਸ਼ਨ ਪੁਸਤਿਕਾ 'ਤੇ ਅਤੇ OMR ਉੱਤਰ ਸ਼ੀਟ 'ਤੇ ਮੇਲ ਖਾਂਦਾ ਹੋਣਾ ਚਾਹੀਦਾ ਹੈ। ਕਿਸੇ ਵੀ ਮਤਭੇਦ ਦੀ ਸਥਿਤੀ ਵਿੱਚ, ਕਿਸੇ ਵੀ ਪ੍ਰਸ਼ਨ ਨੂੰ ਹੱਲ ਕਰਨ ਤੋਂ ਪਹਿਲਾਂ ਕੇਂਦਰ ਸੁਪਰਡੈਂਟ ਨੂੰ ਸੂਚਿਤ ਕਰੋ।
3. OMR ਉੱਤਰ ਸ਼ੀਟ ਨੂੰ ਮੋੜਿਆ ਜਾਂ ਵਿਕਰਿਤ ਨਹੀਂ ਕੀਤਾ ਜਾਣਾ ਚਾਹੀਦਾ।
4. ਉਚਿਤ ਅੰਡਾਕਾਰ ਨੂੰ ਭਰਨ ਲਈ ਸਿਰਫ਼ ਨੀਲੇ/ਕਾਲੇ ਬਾਲ ਪੁਆਇੰਟ ਪੈੱਨ ਦੀ ਵਰਤੋਂ ਕਰੋ। ਅੰਸ਼ਕ ਜਾਂ ਇੱਕ ਤੋਂ ਵੱਧ ਅੰਡਾਕਾਰ ਦੇ ਭਰਨ ਨੂੰ ਗਲਤ ਉੱਤਰ ਮੰਨਿਆ ਜਾਵੇਗਾ।
5. ਉਮੀਦਵਾਰ ਨੂੰ ਸਿਰਫ਼ ਦਸਤਖਤ ਕਰਨ ਵਾਲੀ ਪ੍ਰਦਾਨ ਕੀਤੀ ਗਈ ਥਾਂ 'ਤੇ ਹੀ ਦਸਤਖਤ ਕਰਨੇ ਚਾਹੀਦੇ ਹਨ। ਜੇਕਰ ਕੋਈ ਉਮੀਦਵਾਰ ਕੋਈ ਪਛਾਣ ਚਿੰਨ੍ਹ ਬਣਾਉਂਦਾ ਹੈ ਜਾਂ OMR ਉੱਤਰ ਸ਼ੀਟ 'ਤੇ ਆਪਣਾ ਰੋਲ ਨੰਬਰ ਲਿਖਦਾ ਹੈ (ਇਸ ਲਈ ਦਿੱਤੀ ਗਈ ਜਗ੍ਹਾ ਨੂੰ ਛੱਡ ਕੇ), ਉਸਦੀ OMR ਉੱਤਰ ਸ਼ੀਟ ਰੱਦ ਕਰ ਦਿੱਤੀ ਜਾਵੇਗੀ।
6. ਇਮਤਿਹਾਨ ਹਾਲ ਦੇ ਅੰਦਰ ਮੈਨੂਅਲ/ਇਲੈਕਟ੍ਰਾਨਿਕ ਕੈਲਕੁਲੇਟਰ, ਪੰਨੇ, ਬਲੂਟੁੱਥ ਅਤੇ ਮੋਬਾਈਲ/ਸੈਲਲਰ ਫ਼ੋਨ ਦੀ ਸਖ਼ਤ ਮਨਾਹੀ ਹੈ।
7. ਟੈਸਟ ਦੇ ਅੰਤ 'ਤੇ, ਸਿਰਫ OMR ਉੱਤਰ ਸ਼ੀਟ ਹੀ ਡਿਪਟੀ ਸੁਪਰਡੈਂਟ ਨੂੰ ਸੌਂਪਣੀ ਹੈ।

houseofaspirants

Join Our Telegram - House of Aspirants

1. ਗੁਰੂ ਨਾਨਕ ਦੇਵ ਜੀ ਨੂੰ ਕਿੰਨੇ ਸਾਲ ਦੀ ਉਮਰ ਵਿਚ ਪਾਂਧੇ ਕੋਲ ਪੜ੍ਹਨ ਲਈ ਭੇਜਿਆ ਗਿਆ?

A. ਚਾਰ ਸਾਲ ਦੀ ਉਮਰ ਵਿੱਚ
B. ਪੰਜ ਸਾਲ ਦੀ ਉਮਰ ਵਿੱਚ
C. ਛੇ ਸਾਲ ਦੀ ਉਮਰ ਵਿੱਚ
D. ਸੱਤ ਸਾਲ ਦੀ ਉਮਰ ਵਿੱਚ

2. ਹੇਠ ਲਿਖਿਆਂ ਵਿੱਚੋਂ ਕਿਹੜਾ ਸ਼ਬਦ 'ਬਦਸੂਰਤ' ਦਾ ਸਮਾਨਾਰਥੀ ਨਹੀਂ ਹੈ?

A. ਬਦਸ਼ਕਲ
B. ਅਰੂਪ
C. ਕਰੂਪ
D. ਕੋਝਾ

3. 'ਛਿੰਝ ਪਾਉਣੀ' ਮੁਹਾਵਰੇ ਦੇ ਅਰਥ ਹਨ:

A. ਕੁਸ਼ਤੀ ਲੜਨੀ
B. ਮੌਜ ਕਰਨੀ
C. ਝਗੜਾ ਪਾਉਣਾ
D. ਚਰਚਾ ਹੋਣੀ

4. 'ਇਕ ਕਮਲੀ, ਦੂਜੀ ਪੈ ਗਈ ਸਿਵਿਆਂ ਦੇ ਰਾਹ' ਅਖਾਣ ਕਿਹੜੇ ਭਾਵਾਂ ਦਾ ਵਾਚਕ ਹੈ?

A. ਜਦੋਂ ਕਿਸੇ ਦੀ ਚਤੁਰਾਈ ਨੂੰ ਵਧੇਰੇ ਕਰਕੇ ਦੱਸਣਾ ਹੋਵੇ
B. ਜਦੋਂ ਕਿਸੇ ਦੀ ਮੂਰਖ਼ਤਾ ਨੂੰ ਵਧੇਰੇ ਕਰਕੇ ਦੱਸਣਾ ਹੋਵੇ
C. ਜਦੋਂ ਕਿਸੇ ਦੀ ਸਿਆਣਪ ਨੂੰ ਵਧੇਰੇ ਕਰਕੇ ਦੱਸਣਾ ਹੋਵੇ
D. ਜਦੋਂ ਕਿਸੇ ਦੇ ਔਗੁਣਾਂ ਨੂੰ ਵਧੇਰੇ ਕਰਕੇ ਦੱਸਣਾ ਹੋਵੇ

5. ਇਹਨਾਂ ਵਿਚੋਂ ਕਿਹੜਾ ਰੂਪ ਪ੍ਰੇਰਨਾਰਥਕ ਕਿਰਿਆ ਨੂੰ ਦਰਸਾਉਂਦਾ ਹੈ?

A. ਪਿੰਜਾਵਾਣਾ
B. ਪਿੰਜਵਾਉਣਾ
C. ਪਿੰਜਾਉਣਾ
D. ਪਿੰਜਣਾ

6. 'ਅੱਜ ਉਹਨੇ ਚਾਰ ਘੰਟੇ ਗਾਉਣ ਦਾ ਰਿਆਜ਼ ਕੀਤਾ।' ਵਾਕ ਵਿੱਚ ਵਰਤੇ ਗਏ 'ਅੱਜ ਅਤੇ ਚਾਰ ਘੰਟੇ' ਕਿਰਿਆ ਵਿਸ਼ੇਸ਼ਣ ਕ੍ਰਮਵਾਰ ਕਿਹੜੀ-ਕਿਹੜੀ ਸ਼੍ਰੇਣੀ ਨਾਲ ਸੰਬੰਧਿਤ ਹਨ?

A. ਕਾਲਵਾਚਕ-ਕਾਲਵਾਚਕ
B. ਕਾਲਵਾਚਕ-ਵਿਧੀਵਾਚਕ
C. ਕਾਲਵਾਚਕ-ਮਾਤਰਾਵਾਚ
D. ਕਾਲਵਾਚਕ-ਸੰਖਿਆਵਾਚਕ

7. ਹੇਠ ਲਿਖਿਆਂ ਵਿੱਚੋਂ ਕਿਹੜੇ ਸ਼ਬਦ ਵਿੱਚ 'ਸਾਰ' ਪਿਛੇਤਰ ਦੇ ਰੂਪ ਵਿੱਚ ਨਹੀਂ ਆਉਂਦਾ?

A. ਅਨੁਸਾਰ
B. ਮਿਲਨਸਾਰ
C. ਸ਼ਰਮਸਾਰ
D. ਹੰਢਣਸਾਰ

8. 'ਕਿਸ' ਦਾ ਸਹੀ ਬਹੁਵਚਨੀ ਰੂਪ ਦੱਸੋ?

A. ਕਿੰਨਾਂ
B. ਕਿਨ੍ਹਾਂ
C. ਕਿਹੜੇ
D. ਕੀਹਨੇ

Join Our Telegram - House of Aspirants

9. ਕਿਹੜੇ ਵਾਕ ਵਿਚ ਵਿਸਰਾਮ ਚਿੰਨ੍ਹਾਂ ਦੇ ਨੇਮਾਂ ਨੂੰ ਸਹੀ ਰੂਪ ਵਿਚ ਨਹੀਂ ਲਾਗੂ ਕੀਤਾ ਗਿਆ?

A. ਧੀਏ, ਇਸ ਤਰ੍ਹਾਂ ਰੁੱਖਾ ਨਹੀਂ ਬੋਲੀਦਾ।
B. ਅਸੀਂ ਆਪਣੇ ਖੇਤ 'ਚ ਹੀ ਰਹਿੰਦੇ ਹਾਂ।
C. "ਮਾਤਾ ਜੀ ਮੈਂ ਜਮਾਤ ਵਿਚੋਂ ਪਹਿਲੇ ਸਥਾਨ 'ਤੇ ਆਈ ਹਾਂ।"
D. ਨਾਨਕ ਸਿੰਘ ਰਚਿਤ ਨਾਵਲ 'ਚਿੱਟਾ ਲਹੂ' ਹੈ।

10. ਕਿਰਨ ਨੇ ਆਪਣੇ ਘਰ ਆਏ ਬੰਦਿਆਂ ਤੋਂ ਪੁੱਛਿਆ ਤੁਸੀਂ ਕਿਹੜੇ ਵਿਭਾਗ ਵਿੱਚ ਮੁਲਾਜ਼ਮ ਹੋ ਨਿਮਨਲਿਖਿਤ ਵਿਕਲਪਾਂ ਵਿੱਚੋਂ ਉਪਰੋਕਤ ਵਾਕ ਦੇ ਸਹੀ ਵਿਸਮਕ ਚਿੰਨ੍ਹਾਂ ਵਾਲੇ ਵਿਕਲਪ ਨੂੰ ਚੁਣੋ।

A. "ਕਿਰਨ ਨੇ ਆਪਣੇ ਘਰ ਆਏ ਬੰਦਿਆਂ ਤੋਂ ਪੁੱਛਿਆ" ਤੁਸੀਂ ਕਿਹੜੇ ਵਿਭਾਗ ਵਿੱਚ ਮੁਲਾਜ਼ਮ ਹੋ!
B. ਕਿਰਨ ਨੇ ਆਪਣੇ ਘਰ ਆਏ ਬੰਦਿਆਂ ਤੋਂ ਪੁੱਛਿਆ "ਤੁਸੀਂ ਕਿਹੜੇ ਵਿਭਾਗ ਵਿੱਚ ਮੁਲਾਜ਼ਮ ਹੋ?"
C. ਕਿਰਨ ਨੇ ਆਪਣੇ ਘਰ ਆਏ ਬੰਦਿਆਂ ਤੋਂ ਪੁੱਛਿਆ, "ਤੁਸੀਂ ਕਿਹੜੇ ਵਿਭਾਗ ਵਿੱਚ ਮੁਲਾਜ਼ਮ ਹੋ?"
D. ਕਿਰਨ ਨੇ ਆਪਣੇ ਘਰ ਆਏ, ਬੰਦਿਆਂ ਤੋਂ ਪੁੱਛਿਆ, "ਤੁਸੀਂ ਕਿਹੜੇ ਵਿਭਾਗ ਵਿੱਚ ਮੁਲਾਜ਼ਮ ਹੋ?"

11. 'Don't make the excuses' ਵਾਕ ਦਾ ਸਹੀ ਪੰਜਾਬੀ ਰੂਪ ਹੈ:

A. ਬਹਾਨਾ ਨਾ ਬਣਾਓ।
B. ਬਹਾਨੇ ਨਾ ਬਣਾਓ।
C. ਬਹਾਨੇ ਨਾ ਬਣਾ।
D. ਬਹਾਨਿਆਂ ਨੂੰ ਨਾ ਬਣਾਓ।

12. ਕ੍ਰਮ ਅਨੁਸਾਰ ਦੇਸੀ ਮਹੀਨਿਆਂ ਦਾ ਕਿਹੜਾ ਜੁੱਟ ਸਹੀ ਨਹੀਂ ਹੈ?

A. ਵੈਸਾਖ, ਸਾਉਣ, ਅੱਸੂ, ਫੱਗਣ
B. ਚੇਤ, ਮਾਘ, ਪੋਹ, ਹਾੜ
C. ਹਾੜ, ਕੱਤੇ, ਮੱਘਰ, ਫੱਗਣ
D. ਚੇਤ, ਜੇਠ, ਭਾਦਰੋਂ, ਪੋਹ

13. ਮਹਾਰਾਜਾ ਰਣਜੀਤ ਸਿੰਘ ਨੇ ਰਾਜ-ਭਾਗ ਦੀ ਵਾਗਡੋਰ ਕਦੋਂ ਸੰਭਾਲੀ?

A. 1797 ਵਿੱਚ
B. 1792 ਵਿੱਚ
C. 1805 ਵਿੱਚ
D. 1780 ਵਿੱਚ

14. ਪੰਜਾਬੀ ਸਭਿਆਚਾਰ ਵਿਚ 'ਛੂਛਕ' ਹੈ:

A. ਵਿਆਹ ਨਾਲ ਸੰਬੰਧਿਤ ਰਸਮ
B. ਮੰਗਣੇ ਨਾਲ ਸੰਬੰਧਿਤ ਰਸਮ
C. ਜਨਮ ਨਾਲ ਸੰਬੰਧਿਤ ਰਸਮ
D. ਦਹੇਜ ਨਾਲ ਸੰਬੰਧਿਤ ਰਸਮ

15. ਗੁਰੂ ਤੇਗ ਬਹਾਦਰ ਜੀ ਦੇ ਪਿਤਾ ਕਿੰਨਵੇਂ ਗੁਰੂ ਸਨ?

A. ਅੱਠਵੇਂ ਗੁਰੂ
B. ਪੰਜਵੇਂ ਗੁਰੂ
C. ਛੇਵੇਂ ਗੁਰੂ
D. ਸੱਤਵੇਂ ਗੁਰੂ

16. ਕਿਹੜਾ ਸ਼ਬਦ-ਜੋੜਾ ਵਿਰੋਧਾਰਥ ਨੂੰ ਨਹੀਂ ਦਰਸਾਉਂਦਾ?

A. ਹੌਲਾ-ਭਾਰਾ
B. ਬਰੀਕ-ਮਹੀਨ
C. ਹਰਖ-ਸੋਗ
D. ਅਗਲਾ-ਛੇਕੜਲਾ

Join Our Telegram - House of Aspirants

17. ਕਿਹੜਾ ਸ਼ਬਦ ਗੁਣ-ਵਾਚਕ ਵਿਸ਼ੇਸ਼ਣ ਦੀ ਅਧਿਕਤਮ ਅਵਸਥਾ ਵੱਲ ਸਹੀ ਇਸ਼ਾਰਾ ਕਰਦਾ ਹੈ?

A. ਉਚੇਰਾ
B. ਅਤਿ ਊਚਾ
C. ਉੱਚਤਮ
D. ਅਤਿ ਉੱਚਤਮ

18. ਜਦੋਂ ਇਹ ਦੱਸਣਾ ਹੋਵੇ ਕਿ ਸੁਖ ਅਤੇ ਮੌਜ ਮੇਲਾ ਥੋੜ੍ਹੇ ਹੀ ਦਿਨ ਰਹਿੰਦਾ ਹੈ, ਮੁੜ ਉਹੋ ਹੀ ਸਧਾਰਨ ਹਾਲਤ ਹੋ ਜਾਂਦੀ ਹੈ ਤਾਂ ਕਿਸ ਅਖਾਣ ਦੀ ਵਰਤੋਂ ਕੀਤੀ ਜਾਂਦੀ ਹੈ?

A. ਸੌ ਦਿਨ ਚੋਰ ਦਾ, ਇੱਕ ਦਿਨ ਸਾਧ ਦਾ
B. ਮੁੜ-ਘਿੜ ਬੋਤੀ, ਬੋਹੜ ਦੇ ਥੱਲੇ
C. ਮੁੜ ਘਿੜ ਗੇੜਾ ਜੱਫਰਵਾਲ
D. ਚਾਰ ਦਿਨਾਂ ਦੀ ਚਾਨਣੀ, ਫੇਰ ਅਨ੍ਹੇਰੀ ਰਾਤ

19. 'ਜਿਹੜੇ ਬੱਚੇ ਮਿਹਨਤ ਨਹੀਂ ਕਰਦੇ, ਉਹ ਇਮਤਿਹਾਨਾਂ ਸਮੇਂ ਪਛਤਾਉਂਦੇ ਹਨ।' ਵਾਕ ਵਿੱਚ 'ਜਿਹੜੇ' ਸ਼ਬਦ ਕਿਸ ਰੂਪ ਵਿੱਚ ਪ੍ਰਯੋਗ ਹੋਇਆ ਹੈ?

A. ਸੰਬੰਧਵਾਚਕ ਵਿਸ਼ੇਸ਼ਣ
B. ਸੰਬੰਧਵਾਚਕ ਪੜਨਾਂਵ
C. ਪੜਨਾਂਵੀ ਵਿਸ਼ੇਸ਼ਣ
D. ਨਿਸ਼ਚੇਵਾਚਕ ਪੜਨਾਂਵ

20. 'ਜ਼ਰੂਰਤਮੰਦ' ਸ਼ਬਦ ਵਿੱਚ ਆਇਆ 'ਮੰਦ' ਪਿਛੇਤਰ ਕਿਸ ਅਰਥ ਨੂੰ ਪ੍ਰਗਟ ਕਰਦਾ ਹੈ?

A. ਵਾਲ਼ਾ
B. ਭਰਪੂਰ
C. ਦੇਣ ਵਾਲ਼ਾ
D. ਪੂਰਾ ਕਰਨ ਵਾਲ਼ਾ

21. ਜਿਹੜੇ ਇਕਵਚਨ ਪੁਲਿੰਗ ਸ਼ਬਦਾਂ ਦੇ ਅੰਤ ਵਿਚ ਬਿਹਾਰੀ ਆਉਂਦੀ ਹੈ, ਉਹਨਾਂ ਦਾ ਇਕਵਚਨ ਇਸਤਰੀਲਿੰਗ ਰੂਪ ਕਿਵੇਂ ਬਣਦਾ ਹੈ?

A. ਈ ਪਿਛੇਤਰ ਲਗਾ ਕੇ
B. ਅਣ/ਅਨ ਪਿਛੇਤਰ ਲਗਾ ਕੇ
C. ਣੀ ਪਿਛੇਤਰ ਲਗਾ ਕੇ
D. ੜੀ ਪਿਛੇਤਰ ਲਗਾ ਕੇ

22. ਕਿਹੜੇ ਵਾਕ ਵਿਚ ਵਿਸਰਾਮ ਚਿੰਨ੍ਹਾਂ ਦੀ ਸਹੀ ਵਰਤੋਂ ਹੋਈ ਹੈ?

A. ਹੈਂ ਹੈਂ, ਇਹ ਕੀ ਭਾਣਾ ਵਾਪਰ ਗਿਆ?
B. ਹੈਂ ਹੈਂ!! ਇਹ ਕੀ ਭਾਣਾ ਵਾਪਰ ਗਿਆ?
C. ਹੈਂ! ਹੈਂ!! ਇਹ ਕੀ ਭਾਣਾ ਵਾਪਰ ਗਿਆ?
D. ਹੈਂ!! ਇਹ ਕੀ ਭਾਣਾ ਵਾਪਰ ਗਿਆ?

23. ਕਿਹੜਾ ਵਰਗ ਸ਼ੁੱਧ ਸ਼ਬਦਾਂ ਦਾ ਹੈ?

A. ਅਦਕਰ, ਸੁਨਿਹਰਾ, ਗਿਨਣਾ
B. ਈਮਾਨਦਾਰ, ਜਾਸੂਸ, ਚਾਲਾਕ
C. ਬਾਰੀਕ, ਸੰਯਮ, ਬਗ਼ੀਚਾ
D. ਰਸਾਇਣ, ਬਜ਼ਾਰ, ਕੇਂਦਰ

24. ਪੰਜਾਬੀ ਵਾਕ ਬਣਤਰ ਅਨੁਸਾਰ ਸ਼ੁੱਧ ਵਾਕ ਦੀ ਪਛਾਣ ਕਰੋ:

A. ਉਹ ਅਕਸਰ ਆਉਂਦਾ ਰਹਿੰਦਾ ਇਥੇ।
B. ਉਹ ਇਥੇ ਅਕਸਰ ਆਉਂਦਾ ਰਹਿੰਦਾ।
C. ਉਹ ਇਥੇ ਅਕਸਰ ਆਉਂਦਾ ਰਹਿੰਦਾ ਹੈ।
D. ਇਥੇ ਅਕਸਰ ਆਉਂਦਾ ਰਹਿੰਦਾ ਉਹ।

houseofaspirants

Join Our Telegram - House of Aspirants

25. ਅੰਕ 89 ਦਾ ਸਹੀ ਪੰਜਾਬੀ ਉਚਾਰਨ ਕੀ ਹੈ?

A. ਉਣਾਸੀ
B. ਉਣੱਤਰ
C. ਉਣਾਨਵੇਂ
D. ਉਨਿੰਨਵੇਂ

26. ਹੇਠ ਲਿਖੇ ਦਿਨਾਂ ਦੇ ਨਾਂਵਾਂ ਵਿੱਚੋਂ ਕਿਹੜਾ ਨਾਂਵ ਸ਼ੁੱਧ ਪੰਜਾਬੀ ਹੈ?

A. ਗੁਰੂਵਾਰ
B. ਬ੍ਰਹਿਸਪਤੀਵਾਰ
C. ਵੀਰਵਾਰ
D. ਬੀਰਵਾਰ

27. ਪੰਜਾਬੀ ਭਾਸ਼ਾ ਦੇ ਟਕਸਾਲੀ ਰੂਪ ਨੂੰ ਨਿਸ਼ਚਿਤ ਕਰਨ ਲਈ ਪੰਜਾਬੀ ਦੀ ਕਿਹੜੀ ਉਪਭਾਸ਼ਾ ਨੂੰ ਆਧਾਰ ਬਣਾਇਆ ਗਿਆ ਹੈ?

A. ਮਲਵਈ
B. ਪੁਆਧੀ
C. ਮਾਝੀ
D. ਦੁਆਬੀ

28. ਅੰਗਰੇਜ਼ਾਂ ਨੇ ਪੰਜਾਬ ਨੂੰ ਬਰਤਾਨਵੀ ਰਾਜ ਵਿੱਚ ਕਦੋਂ ਸ਼ਾਮਲ ਕੀਤਾ?

A. ਸੰਨ 1839 ਵਿੱਚ
B. ਸੰਨ 1840 ਵਿੱਚ
C. ਸੰਨ 1849 ਵਿੱਚ
D. ਸੰਨ 1850 ਵਿੱਚ

29. ਹੇਠ ਲਿਖਿਆਂ ਵਿਚੋਂ ਕਿਹੜਾ ਤਿਉਹਾਰ ਕੱਤਕ ਮਹੀਨੇ ਦੀ ਮੱਸਿਆ ਨੂੰ ਮਨਾਇਆ ਜਾਂਦਾ ਹੈ?

A. ਰੱਖੜੀ
B. ਲੋਹੜੀ
C. ਬਸੰਤ ਪੰਚਮੀ
D. ਦਿਵਾਲੀ

30. ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 1686 ਈ. ਵਿਚ ਕਿਸ ਸਥਾਨ' ਤੇ ਪਹਾੜੀ ਰਾਜਿਆਂ ਨਾਲ ਯੁੱਧ ਕੀਤਾ?

A. ਨਦੌਣ ਦੇ ਸਥਾਨ 'ਤੇ
B. ਸਰਸਾ ਦੇ ਕੰਢੇ 'ਤੇ
C. ਭੰਗਾਣੀ ਦੇ ਸਥਾਨ 'ਤੇ
D. ਚਮਕੌਰ ਦੀ ਧਰਤੀ 'ਤੇ

31. ਕਿਹੜਾ ਸ਼ਬਦ 'ਇਕਰਾਰ' ਦਾ ਸਮਾਨਾਰਥੀ ਨਹੀਂ ਮੰਨਿਆ ਜਾ ਸਕਦਾ?

A. ਇਸਰਾਰ
B. ਕੌਲ
C. ਪ੍ਰਤਿੱਗਿਆ
D. ਪ੍ਰਣ

32. ਹੇਠਾਂ ਦਿੱਤੇ ਅਖਾਣਾਂ ਵਿੱਚੋਂ ਕਿਹੜਾ ਸਹੀ ਹੈ?

A. ਅੰਮਾਂ ਦੀ ਧੀ ਸੁਆਣੀ, ਰਿੱਧੇ ਪੱਕੇ ਪਾਏ ਪਾਣੀ
B. ਅੰਮਾਂ ਦੀ ਨੂੰਹ ਸੁਆਣੀ, ਰਿੱਧੇ ਪੱਕੇ ਪਾਏ ਪਾਣੀ
C. ਅੰਮਾਂ ਦੀ ਨੂੰਹ ਰਾਣੀ, ਰਿੱਧੇ ਪੱਕੇ ਪਾਏ ਪਾਣੀ
D. ਅੰਮਾਂ ਨਾਲੋਂ ਧੀ ਸਿਆਣੀ, ਰਿੱਧੇ ਪੱਕੇ ਪਾਏ ਪਾਣੀ

houseofaspirants

Join Our Telegram - House of Aspirants

33. 'ਵਿਰਲੇ ਹੀ ਹੁੰਦੇ ਹਨ, ਜਿਹੜੇ ਕਿਸੇ ਨਾਲ ਕੀਤਾ ਵਾਅਦਾ ਨਿਭਾਉਂਦੇ ਹਨ।' ਵਾਕ ਵਿੱਚ ਕਿਹੜਾ/ਕਿਹੜੇ ਸ਼ਬਦ ਪੜਨਾਂਵ ਵਜੋਂ ਆਏ ਹਨ?

A. ਜਿਹੜੇ
B. ਵਿਰਲੇ, ਜਿਹੜੇ
C. ਜਿਹੜੇ, ਕਿਸੇ
D. ਵਿਰਲੇ, ਜਿਹੜੇ, ਕਿਸੇ

34. ਕਿਹੜੇ ਅਗੇਤਰ ਦੀ ਵਰਤੋਂ ਕਿਸੇ ਸ਼ਬਦ ਦੇ ਨਾਂਹਵਾਦੀ ਅਰਥਾਂ ਨੂੰ ਨਹੀਂ ਪ੍ਰਗਟਾਉਂਦੀ?

A. ਕੁ- ਅਗੇਤਰ ਦੀ
B. ਸੁ- ਅਗੇਤਰ ਦੀ
C. ਨਿ- ਅਗੇਤਰ ਦੀ
D. ਦੁ- ਅਗੇਤਰ ਦੀ

35. 'ਮਾਲੀ ਨੇ ਬਗੀਚੀ ਵਿਚੋਂ ਫੁੱਲ ਤੋੜਿਆ', ਵਾਕ ਨੂੰ ਲਿੰਗ ਅਨੁਸਾਰ ਬਦਲੋ:

A. ਮਾਲਣ ਨੇ ਬਗੀਚੀ ਵਿਚੋਂ ਫੁੱਲ ਤੋੜਿਆ।
B. ਮਾਲਣ ਨੇ ਬਗੀਚੇ ਵਿਚੋਂ ਫੁੱਲ ਤੋੜਿਆ।
C. ਮਾਲਣ ਨੇ ਬਾਗ ਵਿਚੋਂ ਫੁੱਲ ਤੋੜਿਆ।
D. ਮਾਲੀ ਨੇ ਬਗੀਚੇ ਵਿਚੋਂ ਫੁੱਲ ਤੋੜਿਆ।

36. ਨਿਮਨਲਿਖਿਤ ਵਾਕਾਂ ਵਿੱਚੋਂ ਸਹੀ ਵਿਸਰਾਮ ਚਿੰਨ੍ਹਾਂ ਵਾਲਾ ਵਾਕ ਕਿਹੜਾ ਹੈ?

A. ਵਾਹ, ਤੁਸੀਂ ਤਾਂ ਕਮਾਲ ਹੀ ਕਰ ਦਿੱਤੀ!
B. ਵਾਹ! ਤੁਸੀਂ ਤਾਂ ਕਮਾਲ ਹੀ ਕਰ ਦਿੱਤੀ।
C. ਵਾਹ, ਤੁਸੀਂ ਤਾਂ ਕਮਾਲ ਹੀ ਕਰ ਦਿੱਤੀ।
D. ਵਾਹ! ਤੁਸੀਂ ਤਾਂ ਕਮਾਲ ਹੀ ਕਰ ਦਿੱਤੀ!

37. 'Students were talking very loudly', ਵਾਕ ਦਾ ਸ਼ੁੱਧ ਪੰਜਾਬੀ ਰੂਪ ਹੈ:

A. ਵਿਦਿਆਰਥੀ ਬਹੁਤ ਉੱਚੀ ਗੱਲਾਂ ਕਰ ਰਹੇ ਸਨ।
B. ਵਿਦਿਆਰਥੀਆਂ ਨੇ ਬਹੁਤ ਉੱਚੀ ਗੱਲਾਂ ਕੀਤੀਆਂ ਸਨ।
C. ਵਿਦਿਆਰਥੀ ਬਹੁਤ ਉੱਚੀ ਸ਼ੋਰ ਪਾ ਰਹੇ ਸਨ।
D. ਵਿਦਿਆਰਥੀਆਂ ਨੇ ਬਹੁਤ ਉੱਚੀ ਗੱਲਾਂ ਕੀਤੀਆਂ।

38. ਨਿਮਨਲਿਖਿਤ ਵਾਕਾਂ ਵਿੱਚੋਂ ਅੰਕ, ਮਹੀਨੇ ਅਤੇ ਦਿਨਾਂ ਦੇ ਸ਼ੁੱਧ ਪੰਜਾਬੀ ਰੂਪਾਂ ਵਾਲੇ ਵਾਕ ਨੂੰ ਪਛਾਣੋ।

A. ਸਤਬੀਰ ਸਿਤੰਬਰ ਵਿੱਚ ਹਰ ਜੁਮੇ ਵਾਲੇ ਦਿਨ ਸਵੇਰੇ ਨੌਂ ਵਜੇ ਮੈਚ ਦੀ ਪ੍ਰੈਕਟਿਸ ਲਈ ਜਾਂਦਾ ਹੁੰਦਾ ਸੀ।
B. ਹਰਪ੍ਰੀਤ ਦਾ ਜਨਮ ਠਾਰਾਂ ਦਸੰਬਰ ਦਿਨ ਸ਼ੁੱਕਰਵਾਰ ਨੂੰ ਹੋਇਆ ਸੀ।
C. ਮਨਦੀਪ ਨੇ ਨਵੰਬਰ ਦੇ ਆਖਰੀ ਰਵੀਵਾਰ ਨੂੰ ਦਸ ਵੱਜ ਕੇ ਉਨੱਤੀ ਮਿੰਟ ਉੱਤੇ ਜਹਾਜ਼ ਫੜਿਆ ਸੀ।
D. ਗੁਰਜੀਤ ਦਾ ਵਿਆਹ ਉਣੱਤੀ ਦਸੰਬਰ ਦਿਨ ਸਨਿੱਚਰਵਾਰ ਨੂੰ ਹੋਇਆ ਸੀ।

39. ਪੰਜਾਬੀ ਦੀ ਪੁਆਧੀ ਉਪਬੋਲੀ ਦਾ ਇਲਾਕਾ ਹੈ:

A. ਰੋਪੜ ਤੇ ਰਾਜਪੁਰਾ
B. ਸੰਗਰੂਰ ਤੇ ਕਰਨਾਲ
C. ਬਰਨਾਲਾ ਤੇ ਮਾਨਸਾ
D. ਮਲੇਰਕੋਟਲਾ ਤੇ ਮੁਕਤਸਰ

40. ਜਰਗ ਦਾ ਮੇਲਾ ਕਿਸ ਨੂੰ ਖੁਸ਼ ਕਰਨ ਲਈ ਮਨਾਇਆ ਜਾਂਦਾ ਹੈ?

A. ਗੂਗਾ ਪੀਰ
B. ਭੇਰਵੀ ਮਾਈ
C. ਸੀਤਲਾ ਮਾਤਾ
D. ਸਾਂਝੀ ਮਾਈ

Join Our Telegram - House of Aspirants

41. ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਰਾਮਦਾਸ ਜੀ ਦੀ ਬਾਣੀ ਕਿੰਨੇ ਰਾਗਾਂ ਵਿਚ ਦਰਜ ਹੈ?

A. ਉੱਨੀ ਰਾਗਾਂ ਵਿੱਚ
B. ਸਤਾਈ ਰਾਗਾਂ ਵਿੱਚ
C. ਤੀਹ ਰਾਗਾਂ ਵਿੱਚ
D. ਇਕੱਤੀ ਰਾਗਾਂ ਵਿੱਚ

42. ਹੇਠ ਲਿਖਿਆਂ ਵਿੱਚੋਂ ਕਿਸ ਮੁਹਾਵਰੇ ਦਾ ਅਰਥ 'ਨਸ਼ਰ ਕਰਨਾ' ਹੈ?

A. ਛੱਜ ਵਿੱਚ ਪਾ ਕੇ ਛੱਟਣਾ
B. ਜੱਖਣਾ ਪੱਟਣੀ
C. ਸੁੱਤੀਆਂ ਕਲਾਂ ਜਗਾਉਣੀਆਂ
D. ਘਰ ਫੂਕ ਤਮਾਸ਼ਾ ਵੇਖਣਾ

43. 'ਛੱਜ ਤਾਂ ਬੋਲੇ, ਛਾਨਣੀ ਕੀ ਬੋਲੇ' ਮੁਹਾਵਰੇ ਦੀ ਵਰਤੋਂ ਕਦੋਂ ਕੀਤੀ ਜਾਂਦੀ ਹੈ?

A. ਜਦੋਂ ਇਹ ਦੱਸਣਾ ਹੋਵੇ ਕਿ ਵੱਡਾ ਬੋਲ ਸਕਦਾ ਹੈ, ਛੋਟੇ ਨੂੰ ਬੋਲਣ ਦਾ ਕੋਈ ਹੱਕ ਨਹੀਂ
B. ਜਦੋਂ ਇਹ ਦੱਸਣਾ ਹੋਵੇ ਕਿ ਸਿਆਣਾ ਬੋਲ ਸਕਦਾ ਹੈ, ਮੂਰਖ ਨੂੰ ਬੋਲਣ ਦਾ ਕੋਈ ਹੱਕ ਨਹੀ
C. ਜਦੋਂ ਇਹ ਦੱਸਣਾ ਹੋਵੇ ਕਿ ਮਾੜੇ ਆਦਮੀ ਨੂੰ ਭਲੇ ਆਦਮੀ ਦੇ ਔਗੁਣ ਦੱਸਣ ਦਾ ਕੋਈ ਹੱਕ ਨਹੀਂ
D. ਜਦੋਂ ਇਹ ਦੱਸਣਾ ਹੋਵੇ ਕਿ ਜਿਸਦੀ ਅਵਾਜ਼ ਦਮਦਾਰ ਹੋਵੇ, ਉਹੀ ਬੋਲ ਸਕਦਾ ਹੈ, ਦੂਜਾ ਨਹੀਂ

44. ਹੇਠ ਲਿਖਿਆਂ ਵਿੱਚੋਂ ਕਿਹੜਾ ਸ਼ਬਦ 'ਅਨ' ਅਗੇਤਰ ਨਾਲ ਨਹੀਂ ਬਣਿਆ?

A. ਅਨੰਤ
B. ਅਨੇਕ
C. ਅਨਾਥ
D. ਅਨਾਦਿ

45. 'ਧੋਬੀ ਕੱਪੜੇ ਧੋਂਦੇ ਹਨ', ਵਾਕ ਨੂੰ ਲਿੰਗ ਅਨੁਸਾਰ ਬਦਲੋ:

A. ਧੋਬਣ ਕੱਪੜੇ ਧੋਂਦੀ ਹੈ।
B. ਧੋਬਣਾਂ ਨੇ ਕੱਪੜੇ ਧੋਤੇ।
C. ਧੋਬਣਾਂ ਕੱਪੜੇ ਧੋਂਦੀਆਂ ਹਨ।
D. ਧੋਬਣਾਂ ਨੇ ਕੱਪੜਿਆਂ ਦੀ ਧੁਲਾਈ ਕੀਤੀ।

46. ਹੇਠਾਂ ਬਰੈਕਟ ਵਿੱਚ ਦਿੱਤੇ ਚਿੰਨ੍ਹਾਂ ਵਿੱਚੋਂ ਛੁੱਟ ਮਰੋੜੀ ਚਿੰਨ੍ਹ ਕਿਹੜਾ ਹੈ?

A. (')
B. ("")
C. (;)
D. (,)

47. ਨਿਮਨਲਿਖਿਤ ਵਾਕਾਂ ਵਿੱਚੋਂ ਸਹੀ ਸ਼ਬਦ-ਜੋੜਾਂ ਵਾਲੇ ਵਾਕ ਨੂੰ ਚੁਣੋ।

A. ਰੱਬ ਇਸ ਗ਼ਰੀਬ ਦੇ ਵੇਹੜੇ ਉੱਤੇ ਸਦਾ ਅਪਨੀ ਮਿਹਰ ਬਣਾਈ ਰੱਖੇ।
B. ਰੱਬ ਇਸ ਗ਼ਰੀਬ ਦੇ ਵਿਹੜੇ ਉੱਤੇ ਸਦਾ ਅਪਣੀ ਮੇਹਰ ਬਣਾਈ ਰੱਖੇ।
C. ਰੱਬ ਇਸ ਗ਼ਰੀਬ ਦੇ ਵੇਹੜੇ ਉੱਤੇ ਸਦਾ ਆਪਨੀ ਮੇਹਰ ਬਣਾਈ ਰੱਖੇ।
D. ਰੱਬ ਇਸ ਗ਼ਰੀਬ ਦੇ ਵਿਹੜੇ ਉੱਤੇ ਸਦਾ ਆਪਣੀ ਮਿਹਰ ਬਣਾਈ ਰੱਖੇ।

48. 'ਜਰਨੈਲ' ਕਿਸ ਅੰਗਰੇਜ਼ੀ ਸ਼ਬਦ ਦਾ ਸ਼ੁੱਧ ਪੰਜਾਬੀ ਰੂਪ ਹੈ?

A. Journal
B. Journail
C. General
D. Gernal

houseofaspirants

Join Our Telegram - House of Aspirants

49. ਬਿਆਸ ਅਤੇ ਸਤਲੁਜ ਦੇ ਵਿਚਕਾਰ ਬੋਲੀ ਜਾਂਦੀ ਪੰਜਾਬੀ ਦੀ ਉਪਭਾਸ਼ਾ ਹੈ:

A. ਲਾਹੌਰੀ
B. ਮਾਝੀ
C. ਦੁਆਬੀ
D. ਮਲਵਈ

50. ਕਿਲ੍ਹਾ ਲੋਹਗੜ੍ਹ ਕਿਸ ਨੇ ਅਤੇ ਕਦੋਂ ਤਿਆਰ ਕਰਵਾਇਆ ਸੀ?

A. ਗੁਰੂ ਹਰਗੋਬਿੰਦ ਜੀ ਨੇ 1671 ਈ. ਵਿੱਚ
B. ਗੁਰੂ ਗੋਬਿੰਦ ਸਿੰਘ ਜੀ ਨੇ 1698 ਈ. ਵਿੱਚ
C. ਗੁਰੂ ਗੁਰੂ ਹਰਗੋਬਿੰਦ ਜੀ ਨੇ 1679 ਈ. ਵਿੱਚ
D. ਮਹਾਰਾਜਾ ਰਣਜੀਤ ਸਿੰਘ ਨੇ 1826 ਈ. ਵਿੱਚ

houseofaspiral

Join Our Telegram - House of Aspirants